# ਤੁਹਾਡੇ ਮਾਲ ਜਾਂ ਸੇਵਾ ਨੂੰ ਪ੍ਰਮੋਟ ਕਰਨ ਦੇ ਤਰੀਕੇ

ਮਾਰਕੇਟਿੰਗ ਦੇ ਬਜਟ ਤੇ ਵਿਸ਼ੇਸ਼ ਧਿਆਨ ਦੇਣਾ ਜ਼ਰੂਰੀ ਹੈ, ਕਿਉਂਕਿ ਉਸ ਤੋਂ ਨਾ ਕੇਵਲ ਬਜ਼ਾਰ ਵਿੱਚ ਤੁਹਾਡੀ ਛਾਪ ਪੈਂਦੀ ਹੈ; ਬਲਕਿ ਉਸ ਤੋਂ ਆਮਦਨੀ ਪੈਦਾ ਹੋਣ ਦੀ ਉਮੀਦ ਵੀ ਹੁੰਦੀ ਹੈ। ਭਿੰਨ-ਭਿੰਨ ਪ੍ਰਿੰਟ ਅਤੇ ਇਲੈਕਟ੍ਰਾਨਿਕ ਮੀਡੀਆ ਤੋਂ ਹੋ ਸਕਣ ਵਾਲੇ ਅਨੁਮਾਨਿਤ ਅਸਰਾਂ ਦੀਆਂ ਕਿਸਮਾਂ ਨੂੰ ਸਮਝਣ ਨਾਲ ਕਾਰੋਬਾਰ ਦੇ ਖਰਚ ਦੇ ਇਸ ਭਾਗ ਨੂੰ ਸੰਭਾਲਣ ਵਿੱਚ ਮਦਦ ਮਿਲਦੀ ਹੈ।

ਇਹ ਸਮਝਣਾ ਇੱਕ ਜ਼ਰੂਰੀ ਸਾਵਧਾਨੀ ਹੈ ਕਿ ਬਜ਼ਾਰ ਦਾ ਹਰ ਇੱਕ ਹਿੱਸਾ ਜਿਸ ਤਰੀਕੇ ਨਾਲ ਪਰਚਾਰ ਸੰਦੇਸ਼ ਪੇਸ ਕੀਤਾ ਗਿਆ ਹੈ ਅਨੁਸਾਰ ਭਿੰਨ ਭਿੰਨ ਪੜ੍ਹੀਕ੍ਰਿਆ ਦਿਖਾ ਸਕਦਾ ਹੈ। ਉਤੇਜਕ, ਜ਼ੋਰਦਾਰ ਜਾਂ ਮਜ਼ਾਕੀਆ ਸੰਦੇਸ਼ ਵੀ, ਮਾਨਵ ਦੇ ਸੁਭਾਅ ਦੇ ਪੂਰੇ ਸਤਿਕਾਰ ਸਹਿਤ, ਅਪਮਾਨਜਨਕ ਜਾਂ ਅਸੰਵੇਦਨਸ਼ੀਲ ਮੰਨਿਆ ਜਾ ਸਕਦਾ ਹੈ, ਚਾਹੇ ਉਹ ਵਿਆਕਰਣ ਅਤੇ ਰਾਜਨੀਤਕ ਰੂਪ ਤੋਂ ਸਹੀ ਹੀ ਹੋਵੇ।

## ਪ੍ਰਿੰਟ ਅਤੇ ਗਰਾਫਿਕ ਆਰਟਸ ਮੀਡੀਆ

ਬਿਜ਼ਨੈਸ ਕਾਰਡ ਅਤੇ ਸਟੇਸ਼ਨਰੀ ਪਰਚਾਰ ਦੇ ਪ੍ਰਭਾਵਸ਼ਾਲੀ, ਸਸਤੇ ਅਤੇ ਪੇਸ਼ਾਵਰ ਸਾਧਨ ਹਨ, ਪਰ ਇਨ੍ਹਾਂ ਦਾ ਉਪਯੋਗ ਵਿਅਕਤੀਗਤ ਸੰਪਰਕ ਤੱਕ ਹੀ ਸੀਮਤ ਰੱਖਣਾ ਚਾਹੀਦਾ ਹੈ। ਰਬਰ ਸਟੈਂਪ ਜਾਂ ਸਟੇਪਲ, ਅਵਿਅਕਤੀਗਤ, ਰੋਜ਼ਾਨਾ ਕੰਮਾਂ ਲਈ ਹਨ ਅਤੇ ਕਿਸੇ ਵੀ ਤਰ੍ਹਾਂ ਇਸ ਮੀਡੀਆ ਨਾਲ ਨਹੀਂ ਵਰਤੇ ਜਾਣੇ ਚਾਹੀਦੇ। ਵਿਗਿਆਪਨ ਦੀਆਂ ਖਾਸ ਚੀਜ਼ਾਂ ਜਿਵੇਂ ਕਿ ਪੈੱਨ, ਚਾਬੀ ਦੇ ਛੱਲੇ ਅਤੇ ਕੈਲੰਡਰ ਛੋਟੇ ਤੋਹਫੇ ਦੇ ਰੂਪ ਵਿੱਚ ਚੰਗੀ ਭਾਵਨਾ ਨੂੰ ਦਰਸਾਉਂਦੇ ਹਨ, ਪਰ ਇਹ ਜਾਣਕਾਰੀ ਤੋਂ ਜ਼ਿਆਦਾ ਤੁਹਾਡੇ ਪ੍ਰਤੀਬਿੰਬ ਨੂੰ ਉਭਾਰਦੇ ਹਨ।

ਕਈ ਪ੍ਰਚੂਨ ਵਾਲੇ ਸਥਾਨਕ ਅਖਬਾਰ ਨੂੰ ਤਰਜੀਹ ਦਿੰਦੇ ਹਨ ਕਿਉਂਕਿ ਉਹਨਾਂ ਵਿੱਚ ਬਜਟ, ਸਮਾਂ, ਫੀਡ ਬੈਕ ਕੂਪਨ, ਮਾਲ ਅਤੇ ਕੀਮਤ ਦੇ ਮਿਸ਼ਰਣ ਦੇ ਸੰਦਰਭ ਵਿਚ ਸਭ ਤੋਂ ਵੱਧ ਲਚਕ ਹੁੰਦੀ ਹੈ। ਸਮਝ ਦੀ ਦਰ ਉੱਚੀ ਹੁੰਦੀ ਹੈ, ਕਿਉਂਕਿ ਪੜ੍ਹਨ ਵਾਲੇ ਤੇ ਇੱਕ ਹੀ ਸੰਦੇਸ਼ ਨਾਲ ਇੱਕ ਤੋਂ ਵੱਧ ਅਸਰ ਪੈ ਸਕਦਾ ਹੈ।

ਬ੍ਰੋਸ਼ਰ, ਪੋਸਟਰ, ਅਤੇ ਪੈਕਜਿੰਗ, ਦਿਸਦੇ ਚਲਦੇ ਫਿਰਦੇ ਅਤੇ ਸਥਿਰ ਸਭ ਤੋਂ ਵੱਧ ਬਹੁਪੱਖੀ ਵਰਤੋਂ ਵਾਲੇ ਪ੍ਰਭਾਵਾਂ ਦਾ ਸੁਮੇਲ ਪ੍ਰਦਾਨ ਕਰਨ ਦੇ ਘੱਟ ਖਰੀਚਲੇ ਤਰੀਕੇ ਹਨ। ਬ੍ਰੋਸ਼ਰ ਜਾਣਕਾਰੀ ਦਿੰਦੇ ਹਨ, ਪੋਸਟਰ ਪ੍ਰੇਰਨਾ ਦਿੰਦੇ ਹਨ, ਅਤੇ ਪੈਕਜਿੰਗ ਗਾਹਕ ਦੀ ਖਰੀਦਦਾਰੀ ਦੇ ਫੈਸਲੇ ਨੂੰ ਉੱਚਤ ਠਹਰਾਉਂਦੇ ਹਨ।

ਥੋਕ ਵਪਾਰੀਆ ਦੁਆਰਾ ਉਪਯੋਗ ਵਿੱਚ ਲਿਆਏ ਜਾਣ ਵਾਲੇ ਸੂਚੀ ਪੱਤਰ ਮਹਿੰਗੇ ਹੁੰਦੇ ਹਨ ਅਤੇ ਖਾਸ ਬਜ਼ਾਰਾਂ ਨੂੰ ਧਿਆਨ ਵਿੱਚ ਰੱਖ ਕੇ ਬਣਾਏ ਜਾਂਦੇ ਹਨ। ਉੱਚੇ ਪੱਧਰ ਦੇ ਗ੍ਰਾਫਿਕਸ, ਸੂਚੀ ਪੱਤਰਾਂ ਨੂੰ ਚਲਦੀ ਫਿਰਦੀ ਪਰ ਬੇਲਚਕ ਜਾਣਕਾਰੀ ਦੇਣ ਵਾਲੀ ਹਵਾਲਾ ਸਮਗਰੀ ਬਣਾ ਦਿੰਦੇ ਹਨ। ਸੂਚੀ ਪੱਤਰ ਕਿਸਮ ਦੇ ਵਿਗਿਆਪਨ ਦੀ, ਪ੍ਰਮੋਸ਼ਨਲ ਸੇਲਜ਼ ਫਲਾਇਅਰ ਵਿੱਚ ਅਕਸਰ ਵਰਤੋਂ ਹੁੰਦੀ ਹੈ।

ਮੈਗਜ਼ੀਨਾਂ ਅਖਬਾਰ ਜਾਂ ਰੇਡੀਓ ਤੋਂ ਜ਼ਿਆਦਾ ਮਹਿੰਗੀਆਂ ਹੁੰਦੀਆਂ ਹਨ ਪਰ ਉਹਨਾਂ ਦਾ ਲਾਭ ਇਹ ਹੈ ਕਿ ਉਹ ਖਾਸ ਪਾਠਕ ਗਾਹਕਾਂ ਲਈ ਹੁੰਦੀਆਂ ਹਨ (ਜਿਵੇਂ ਕਿ ਯੁਵਾ, ਔਰਤਾਂ, ਸ਼ਿਲਪੀ ਆਦਿ)। ਨਿਰਮਾਤਾ ਬਜ਼ਾਰ ਵਿੱਚ ਆਪਣੇ ਬਰਾਂਡ ਅਤੇ ਟਰੇਡਮਾਰਕ ਨੂੰ ਮਜ਼ਬੂਤ ਬਣਾਉਣ ਲਈ ਇਸ ਮੀਡੀਆ ਦੀ ਵਰਤੋਂ 'ਚ ਜ਼ਿਆਦਾ ਰੁਚਿਤ ਹੁੰਦੇ ਹਨ।

ਤੁਹਾਡੀ ਟੈਲੀਫੋਨ ਕਿਤਾਬ ਦੇ ਕਾਰੋਬਾਰੀ ਪੰਨੇ ਤੁਹਾਡਾ ਪਰਸਪਰ ਸੰਬੰਧ ਮੁੱਖ ਇਲੈਕਟ੍ਰਾਨਿਕ ਮੀਡੀਆ, ਟੈਲੀਫੋਨ ਅਤੇ ਫੈਕਸ, ਨਾਲ ਜੋੜਦੇ ਹਨ। ਟੋਲ ਫ੍ਰੀ 1-800 ਜਾਂ 1-888 ਸੇਵਾ ਵਿਆਪਕ ਬਜ਼ਾਰਾਂ ਨੂੰ ਲੁਭਾਉਂਦੀ ਹੈ, ਅਤੇ ਆਧੁਨਿਕ ਸੇਵਾਵਾਂ ਵੱਲ ਇਸ਼ਾਰਾ ਕਰਦੀ ਹੈ।

ਸੈਲੂਲਰ ਦੂਰ ਸੰਚਾਰ ਦੀ ਵਧੀ ਵਰਤੋਂ ਦਾ ਮਾਰਕੇਟਿੰਗ ਦੇ ਰਚਨਾਤਮਕ ਦਾ-ਪੇਚਾਂ ਦੀ ਇੱਕ ਨਵੀਂ ਲੈਹਰ ਤੇ ਪ੍ਰਭਾਵ ਪਾਉਣ ਦਾ ਅਨੁਮਾਨ ਹੈ।

## ਇਲੈਕਟ੍ਰਾਨਿਕ ਮੀਡੀਆ

ਰੇਡੀਓ ਘੱਟ ਖਰੀਚੀਲਾ ਹੁੰਦਾ ਹੈ, ਅਤੇ ਸੁਣਨ ਵਾਲੇ ਆਮ ਕਰਕੇ ਸਟੇਸ਼ਨ ਦੇ ਪ੍ਰੋਗਰਾਮਾਂ ਦੀ ਰੁਟੀਨ ਵਿੱਚ ਭਰੋਸਾ ਰੱਖਦੇ ਹਨ। ਦਰਸ਼ਨੀ ਅਸਰ ਦਾ ਨਾ ਹੋਣਾ ਸੰਦੇਸ਼ ਨੂੰ ਜ਼ਿਆਦਾ ਵਿਅਕਤੀਗਤ ਅਤੇ ਸੰਵਾਦੀ ਬਣਾ ਦਿੰਦਾ ਹੈ। ਪ੍ਰਮੋਸ਼ਨਲ ਘਟਨਾਵਾਂ ਦਰਸ਼ਕਾਂ ਨਾਲ ਜ਼ਿਆਦਾਤਰ ਆਪਸੀ ਮੇਲ-ਜੋਲ ਤੇ ਅਧਾਰਿਤ ਹੁੰਦੀਆਂ ਹਨ। ਰੇਡੀਓ ਦੇ ਸੰਦੇਸ਼ ਇੱਕ ਵਿਅਕਤੀਤਵ ਨੂੰ ਉਭਾਰਦੇ ਹਨ ਅਤੇ ਦੋਸਤਾਨਾ ਅਤੇ ਸਥਾਨਕ ਸੰਬੰਧ ਦਰਸਾਉਂਦੇ ਹਨ।

ਬਾਕੀ ਸਾਰੇ ਮੀਡੀਆ ਦੀ ਤੁਲਨਾ ਵਿੱਚ ਟੈਲੀਵਿਜ਼ਨ ਲੋਕਾਂ ਨੂੰ ਜ਼ਿਆਦਾ ਆਕਰਸ਼ਤ ਕਰਦਾ ਹੈ ਅਤੇ ਇਸਦੇ ਦਰਸ਼ਨੀ ਅਸਰ ਦੇ ਪਰਭਾਵਸ਼ਾਲੀ ਲਾਭ ਹਨ। ਇਹ ਆਮ ਤੌਰ ਤੇ ਮੰਨਿਆ ਜਾਂਦਾ ਹੈ ਕਿ ਵਿਅਕਤੀ ਦੀ 90% ਸੂਝ ਹਰ ਹਾਲਤ ਵਿੱਚ ਦਿਮਾਗ ਤੱਕ ਪਹੁੰਚਾਏ ਗਏ ਚਿਤ੍ਰਾਂ ਦਾ ਨਤੀਜਾ ਹੈ।

ਟੈਲੀਵਿਜ਼ਨ ਵਿਗਿਆਪਨ ਅਰਾਮ ਅਤੇ ਸੰਕੇਤਕ ਵਾਤਾਵਰਨ ਵਿੱਚ, ਛੋਟੇ, ਦੁਹਰਾਉਣ ਵਾਲੇ, ਅਤੇ ਜ਼ਿਆਦਾ ਪ੍ਰਭਾਵਸ਼ਾਲੀ ਸੰਦੇਸ਼ ਕੰਮ ਵਿੱਚ ਲਿਆ ਕੇ ਘਰੇਲੂ ਦਰਸ਼ਕਾਂ ਦੇ ਲਈ ਹੁੰਦਾ ਹੈ। ਟੀਵੀ ਰਿਮੋਟ ਕੰਟ੍ਰੋਲ ਨੇ ਲੋਕਾਂ ਦੀ ਟੀਵੀ ਦੇਖਣ ਦੀਆਂ ਆਦਤਾਂ ਇੰਨੀਆਂ ਬਦਲ ਦਿੱਤੀਆਂ ਹਨ ਕਿ ਵਿਗਿਆਪਨਾਂ ਦੀ ਥਾਂ ਨੂੰ ਹੁਣ 10 ਅਤੇ 15 ਸਕਿੰਟ ਦੇ ਕਲਿਪ ਸਮੂਹ ਵਿੱਚ ਬਣਾਇਆ ਜਾਂਦਾ ਹੈ।

ਹੁਣ ਆਨਲਾਈਨ ਡਾਇਰੈਕਟਰੀਆਂ, ਜਿਨ੍ਹਾਂ ਵਿੱਚ ਤੁਸੀਂ ਆਪਣਾ ਕਾਰੋਬਾਰ ਜੋੜ ਸਕਦੇ ਹੋ, ਦੀ ਗਿਣਤੀ ਵੱਧ ਰਹੀ ਹੈ। ਜ਼ਿਆਦਾਤਰ ਇਹ ਡਾਇਰੈਕਟਰੀਆਂ ਨਾ ਕੇਵਲ ਘੱਟ ਕੀਮਤਾਂ ਵਿੱਚ ਉਪਲੱਬਧ ਹਨ ਬਲਕਿ ਇਹ ਪ੍ਰਾਂਤ, ਦੇਸ਼ ਅਤੇ ਦੁਨੀਆ ਦੇ ਹਰ ਹਿੱਸੇ ਤੋਂ ਗਾਹਕਾਂ ਲਈ ਤੁਹਾਡੇ ਕਾਰੋਬਾਰ ਤੱਕ ਪਹੁੰਚਣਾ ਅਸਾਨ ਬਣਾਉਂਦੀਆਂ ਹਨ। ਇਨ੍ਹਾਂ ਆਨਲਾਈਨ ਡਾਇਰੈਕਟਰੀਆਂ ਵਿੱਚੋਂ ਕੁੱਝ ਹਨ :

**555-1212.com Inc. —** ਇਹ ਟੈਲੀਫੋਨ ਅਤੇ ਵੈੱਬ ਡਾਇਰੈਕਟਰੀ ਦੀ ਆਨਲਾਈਨ ਸੇਵਾ ਹੈ ਜਿਸ ਵਿੱਚ ਏਰੀਆ ਕੋਡ, ਵਾਈਟ ਪੰਨੇ, ਬਿਜ਼ਨੈਸ ਪੰਨੇ, ਉਲਟਾ ਦੇਖਣ ਦੀ ਯੋਗਤਾ, ਸਥਾਨਿਕ ਵੈੱਬਸਾਈਟ, ਅੰਤਰ-ਰਾਸ਼ਟਰੀ ਕੰਪਨੀ ਲਿਸਟਿੰਗ ਅਤੇ ਈ-ਮੇਲ ਐਡਰੈੱਸ ਦੀ ਜਾਣਕਾਰੀ ਸ਼ਾਮਿਲ ਹੈ। 555-1212.com Inc. ਵਿੱਚ ਆਪਣਾ ਬਿਜ਼ਨੈਸ ਰਜਿਸਟਰ ਕਰਨ ਬਾਰੇ ਹੋਰ ਜਾਣਕਾਰੀ ਲਈ ਵੈੱਬਸਾਈਟ http://www.555-1212.com ਦੇਖੋ ਜਾਂ ਸੰਪਰਕ ਕਰੋ :

555-1212 Inc.
Citicorp Centre
39th Floor, One SanSome Street
San Francisco, CA 94104
Tel.: 415-288-2440
E-mail: advertising@555-1212.com

**Yellow.ca (Canada) —** ਕੈਨੇਡਾ ਵਿੱਚ ਆਪਣੇ ਕਾਰੋਬਾਰ ਨੂੰ ਉਭਾਰਣ ਲਈ ਇਹ ਇੱਕ ਆਨ-ਲਾਈਨ ਡਾਇਰੈਕਟਰੀ ਹੈ। ਇਹ ਜਾਣਦੇ ਹੋਏ ਕਿ ਇਸ ਵਿਸ਼ਵ ਵਿਆਪਕ ਵੈੱਬ ਵਿੱਚ ਕਾਰੋਬਾਰ ਨੂੰ ਉਭਾਰਣ ਦੀ ਸੰਭਾਵਨਾ ਕਿੰਨੀ ਜ਼ਿਆਦਾ ਹੈ, Yellow.ca ਨੇ ਇੱਕ ਘੱਟ ਖਰਚੀਲੇ ਰਜਿਸਟਰੇਸ਼ਨ ਦਾ ਨਿਰਮਾਣ ਕੀਤਾ ਹੈ ਜਿਸ ਤੋਂ ਹਰ ਇੱਕ ਕਨੇਡੀਅਨ ਬਿਜ਼ਨੈਸ ਆਪਣੇ ਕਾਰੋਬਾਰ ਦਾ ਵਿਗਿਆਪਨ ਇੰਟਰਨੈੱਟ ਤੇ ਕਰ ਸਕਦਾ ਹੈ। ਤੁਸੀਂ Yellow.ca ਨਾਲ ਸੰਪਰਕ ਉਹਨਾਂ ਦੀ ਵੈੱਬ-ਸਾਈਟ http://www.yellow.ca ਦੇਖ ਕੇ ਕਰ ਸਕਦੇ ਹੋ।

## ਵਿਅਕਤੀਗਤ ਕੋਸ਼ਿਸ਼ਾਂ

ਮੇਲ-ਜੋਲ ਅਤੇ "ਜਬਾਨੀ" ਹਵਾਲੇ ਖਰਚ ਨੂੰ ਘੱਟ ਕਰਨ ਅਤੇ ਗਾਹਕਾਂ ਦੀ ਗਿਣਤੀ ਵਧਾਉਣ ਦੇ ਪ੍ਰਭਾਵਸ਼ਾਲੀ ਤਰੀਕੇ ਹਨ। ਪ੍ਰਭਾਵਸ਼ਾਲੀ ਗਾਹਕਾਂ ਦੀ ਕੀਮਤੀ ਨਸੀਹਤ ਸੱਭ ਤੋਂ ਜ਼ਿਆਦਾ ਮਹੱਤਵਪੂਰਨ ਅਤੇ ਘੱਟ ਖਰਚੀਲਾ ਪ੍ਰਮੋਸ਼ਨ ਦਾ ਤਰੀਕਾ ਹੈ ਜਿਸਨੂੰ ਕੋਈ ਵੀ ਕਾਰੋਬਾਰ ਬਣਾ ਸਕਦਾ ਹੈ। ਬਜ਼ਾਰ ਕਦੀ ਕੁੱਝ ਨਹੀਂ ਖਰੀਦਦੇ; ਸਿਰਫ ਗਾਹਕ ਹੀ ਮਾਲ ਅਤੇ ਸੇਵਾਵਾਂ ਖਰੀਦਦੇ ਹਨ।

ਭਾਈਚਾਰੇ ਦੀ ਭਾਗੀਦਾਰੀ ਵਿਅਕਤੀਗਤ ਸੰਪਰਕਾਂ ਦੇ ਘੇਰੇ ਅਤੇ ਬਜ਼ਾਰੀ ਗਿਆਨ ਨੂੰ ਵਧਾਉਂਦੀ ਹੈ; ਪਰ ਇਹ ਭਾਈਚਾਰੇ ਵਿੱਚ ਵਾਸਤਵਕ ਰੁਚੀ ਦਾ ਨਤੀਜਾ ਹੋਣਾ ਚਾਹੀਦਾ ਹੈ।

ਖਾਸ ਪ੍ਰਮੋਸ਼ਨ ਅਤੇ ਸਮਾਗਮ ਉਪਰ ਲਿਖੇ ਕਿਸੇ ਇੱਕ ਜਾਂ ਕਈ ਤਰੀਕਿਆਂ ਨੂੰ ਮੇਲ ਕੇ ਕੀਤੇ ਜਾ ਸਕਦੇ ਹਨ। ਇਹ ਡੋਰ ਪ੍ਰਾਈਜ਼, ਵੈਲਕਮ ਵੈਗਨ ਤੋਹਫੇ, ਮੁਫਤ ਪਾਸ, ਮੁਫਤ ਕਾਫੀ, ਜਾਂ ਪ੍ਰਤੀਯੋਗੀਆਂ ਦੇ ਕੂਪਨਾਂ ਨੂੰ ਸਵੀਕਾਰ ਕਰਨ ਦੇ ਰੂਪ ਵਿੱਚ ਵੀ ਹੋ ਸਕਦੇ ਹਨ।

## ਬਜ਼ਾਰ/ਮੀਡੀਆ ਮਿਸ਼ਰਣ

ਕਿਉਂਕਿ ਬਹੁਤੇ ਮੀਡੀਆ ਦਾ ਘੱਟ, ਮੱਧਮ, ਜਾਂ ਜ਼ਿਆਦਾ ਇਸਤੇਮਾਲ ਕਰਨ ਵਾਲੇ ਲੋਕਾਂ ਦਾ ਦਾਇਰਾ ਹੁੰਦਾ ਹੈ, ਕਿਸੇ ਵੀ ਕਾਰੋਬਾਰ ਲਈ ਚੁਣੌਤੀ ਦੀ ਗੱਲ ਇਹ ਹੈ ਕਿ ਉਹ ਮਨੁੱਖੀ ਸੁਭਾਅ ਦੇ ਖਾਸ ਨਮੂਨਿਆਂ ਦੇ ਅਨੁਸਾਰ ਗਾਹਕ ਦੀਆਂ ਜ਼ਰੂਰਤਾਂ ਦਾ ਅੰਦਾਜ਼ਾ ਲਗਾਵੇ। ਹਰ ਇੱਕ ਮੀਡੀਆ ਦੀਆਂ ਧਿਆਨ ਦੇਣ ਯੋਗ ਕਈ ਕਮਜ਼ੋਰੀਆਂ ਅਤੇ ਮਜ਼ਬੂਤੀਆਂ ਹੁੰਦੀਆਂ ਹਨ। ਬਜ਼ਾਰ ਦੇ ਕੁੱਝ ਹਲਾਤਾਂ ਵਿੱਚ ਪ੍ਰਿੰਟ ਮੀਡੀਆ ਤੇ ਖਰਚ ਕੀਤਾ ਗਿਆ ਇੱਕ ਡਾਲਰ ਇਲੈਕਟ੍ਰਾਨਿਕ ਮੀਡੀਆ ਤੇ ਖਰਚ ਕੀਤੇ ਹੋਏ ਇੱਕ ਡਾਲਰ ਤੋਂ ਜ਼ਿਆਦਾ ਲਾਭ ਅਤੇ ਇਸਦਾ ਉਲਟਾ ਵੀ ਸਕਦਾ ਹੈ ।

ਸਮਕਾਲੀ ਪਲਾਨਿੰਗ ਵਿੱਚ ਨਤੀਜਿਆਂ ਨੂੰ ਖਰਚੇ ਅਤੇ ਮੁਕਾਬਲੇ ਦੇ ਕਾਰੋਬਾਰਾਂ ਨਾਲ ਤੁਲਨਾ ਕਰਨ ਦੇ ਤਰੀਕੇ ਵੀ ਸ਼ਾਮਿਲ ਹੋਣੇ ਚਾਹੀਦੇ ਹਨ। ਮਾਰਕੇਟਿੰਗ ਪਲਾਨ ਦੇ ਨਾਲ ਛੋਟੇ ਤੋਂ ਛੋਟੇ ਵਿਗਿਆਪਨ ਦਾ ਬਜਟ ਵੀ ਲਾਭ ਦੇਉਗਾ ਕਿਉਂਕਿ ਇਹ **ਕਾਰੋਬਾਰੀ ਪਲਾਨ** ਦਾ ਇੱਕ ਮੱਹਤਵਪੂਰਨ ਹਿੱਸਾ ਰਹਿੰਦਾ ਹੈ।

ਕੈਨੇਡਾ-ਓਨਟਾਰੀਓ ਬਿਜ਼ਨੈਸ ਸਰਵਿਸ ਸੈਂਟਰ (COBSC/CSECO) ਕੈਨੇਡਾ ਦੀਆਂ ਸਰਕਾਰੀ ਜਬਾਨਾਂ ਅੰਗਰੇਜ਼ੀ ਅਤੇ ਫਰਾਂਸੀਸੀ ਵਿੱਚ ਕਾਰੋਬਾਰੀ ਜਾਣਕਾਰੀ ਦਿੰਦਾ ਹੈ। ਸਾਡੇ ਸਭ ਤੋਂ ਵੱਧ ਉਪਯੋਗੀ ਦਸਤਾਵੇਜਾਂ ਵਿੱਚੋਂ ਕੁਝ ਇੱਕ ਦੀਆਂ ਕਾਪੀਆਂ ਦਾ ਨਿਮਰਤਾ ਵਜੋਂ ਹੋਰ ਜ਼ਬਾਨਾਂ ਵਿੱਚ ਅਨੁਵਾਦ ਕੀਤਾ ਗਿਆ ਹੈ। ਜੇ ਤੁਸੀਂ ਵਧੇਰੀ ਕਾਰੋਬਾਰੀ ਜਾਣਕਾਰੀ ਲੈਣਾ ਚਾਹੁੰਦੇ ਹੋ ਤਾਂ COBSC/CSECO ਇਨਫਾਰਮੇਸ਼ਨ ਅਫਸਰ ਨਾਲ ਗੱਲ ਕਰਨ ਲਈ ਕਿਰਪਾ ਕਰਕੇ 1-888-576-4444 ਤੇ ਕਾਲ ਕਰੋ।